| | | |
|---|---|---|
| | . BCM SCHOOL BASANT. AVENUE. LUDHIANA<br>. ASSIGNMENT -. Feb-2026<br>. CLASS- 6<br>. SUBJECT- PUNJABI | |
| 1 | ਅਣਡਿੱਠਾ ਪੈਰ੍ਹਾ<br><br>ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-<br><br>ਹਵਾ ਵਾਂਗ ਹੀ ਪਾਣੀ ਸਾਡੇ ਵਾਸਤੇ ਬੜੀ ਕੀਮਤੀ ਵਸਤੂ ਹੈ। ਪਾਣੀ ਹਮੇਸ਼ਾ ਸਾਫ਼ ਅਤੇ ਤਾਜ਼ਾ ਪੀਣਾ ਚਾਹੀਦਾ ਹੈ। ਡੂੰਘੇ ਖੂਹਾਂ ਅਤੇ ਨਲਕਿਆਂ ਦਾ ਪਾਣੀ ਸਾਫ਼ ਹੁੰਦਾ ਹੈ। ਵੱਡੇ-ਵੱਡੇ ਸ਼ਹਿਰਾਂ ਦਾ ਪਾਣੀ ਪ੍ਰਬੰਧ ਵਿਸ਼ੇਸ਼ ਧਿਆਨ ਮੰਗਦਾ ਹੈ। ਵਿਸ਼ੇਸ਼ ਕਰਕੇ ਬਰਸਾਤ ਦੇ ਦਿਨਾਂ ਵਿੱਚ ਇਸ ਵੱਲੋਂ ਬੇਧਿਆਨੇ ਨਹੀਂ ਹੋਣਾ ਚਾਹੀਦਾ। ਸਮੇਂ-ਸਮੇਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸ਼ਹਿਰੀ ਵਸੋਂ ਨੂੰ ਸਾਫ਼-ਸੁਥਰਾ ਪਾਣੀ ਮਿਲ ਰਿਹਾ ਹੈ। ਕਈ ਵਾਰ ਪਾਣੀ ਦੇ ਨੁਕਸ ਦੇ ਕਾਰਨ ਟੱਬਰਾਂ ਦੇ ਟੱਬਰ ਬਿਮਾਰ ਪੈ ਜਾਂਦੇ ਹਨ।<br><br>ਬਹੁ-ਵਿਕਲਪੀ ਪ੍ਰਸ਼ਨ-<br><br>1. ਪੀਣ ਵਾਲਾ ਪਾਣੀ ਕਿਹੋ ਜਿਹਾ ਹੋਣਾ ਚਾਹੀਦਾ ਹੈ ?<br><br>(ੳ) ਸਾਫ਼ ਅਤੇ ਤਾਜ਼ਾ (ਅ) ਗੰਦਾ. (ੲ) ਠੀਕ-ਠਾਕ. (ਸ) ਉਪਰੋਕਤ 'ਚੋਂ ਸਾਰੇ<br><br>2. ਕਦੋਂ ਪੀਣ ਵਾਲਾ ਪਾਣੀ ਜ਼ਿਆਦਾ ਧਿਆਨ ਮੰਗਦਾ ਹੈ ?<br><br>(ੳ) ਗਰਮੀ. (ਅ) ਸਰਦੀ (ੲ) ਬਰਸਾਤ. (ਸ) ਪੱਤਝੜ<br><br>3. ਸਾਫ਼ ਪਾਣੀ ਕਿੱਥੋਂ ਲਿਆਂਦਾ ਜਾ ਸਕਦਾ ਹੈ ?<br><br>(ੳ) ਖੂਹਾਂ ਅਤੇ ਨਲਕਿਆਂ 'ਚੋਂ. (ਅ) ਨਦੀਆਂ 'ਚੋਂ. (ੲ) ਟਿਊਬਵੈੱਲਾਂ 'ਚੋਂ. (ਸ) ਉਪਰੋਕਤ ਸਾਰੇ<br><br>4. ਪਾਣੀ ਕਿਵੇਂ ਸਾਫ਼ ਕੀਤਾ ਜਾ ਸਕਦਾ ਹੈ ?<br><br>(ੳ) ਕੀਟਨਾਸ਼ਕ ਪਾ ਕੇ. (ਅ) ਉਬਾਲ ਕੇ (ੲ) ਛਾਣ ਕੇ. (ਸ) ਉਪਰੋਕਤ ਸਾਰੇ<br><br>5. ਇਸ ਪੈਰੇ ਦਾ ਢੁਕਵਾਂ ਸਿਰਲੇਖ ਚੁਣੋ:<br><br>(ੳ) ਪਾਣੀ ਦਾ ਮਹੱਤਵ. (ਅ) ਮਨੁੱਖੀ ਜੀਵਨ 'ਚ ਪਾਣੀ ਦੀ ਲੋੜ (ੲ) ਬਰਸਾਤ 'ਚ ਪਾਣੀ ਦਾ ਮਹੱਤਵ. (ਸ) ਜਲ ਹੈ ਤਾਂ ਕੱਲ੍ਹ ਹੈ | |
| 2 | ਡਿੱਠਾ ਪੈਰ੍ਹਾ<br>ਬਜ਼ੁਰਗਾਂ ਨੇ ਪੁੱਤਰਾ ਤੇ ਆਸਾਂ ਸਨ ਧਰੀਆਂ,<br>ਕੁੱਟ -ਕੁੱਟ ਚੂਰੀਆਂ ਖੁਆਈਆਂ ਸਨ ਬੜੀਆਂ।<br>ਪੰਜਾਬੀਆਂ ਲਈ ਖੜ੍ਹਾ ਇਸ ਸਵਾਲ ਹੋ ਗਿਆ,<br>ਸੋਨ-ਚਿੜੀ ਪੰਜਾਬ ਦਾ ਕੀ ਹਾਲ ਹੋ ਗਿਆ।<br>. 1.ਚੂਰੀਆਂ ਕਿਸ ਨੂੰ ਬਣਾ ਕੇ ਖੁਆਈਆਂ ਗਈਆਂ?<br>. 2. ਕਿੰਨ੍ਹਾਂ ਲਈ ਸਵਾਲ ਖੜ੍ਹਾ ਹੋ ਗਿਆ ਹੈ?<br>. 3. ਕਵਿਤਾ ਵਿੱਚ ਕਵੀ ਨੇ ਸੋਨ- ਚਿੜੀ ਕਿਸ ਨੂੰ ਆਖਿਆ ਹੈ?<br>. 4. 'ਧਰੀਆਂ" ਦਾ ਲੈਅਾਤਮਕ ਸ਼ਬਦ ਲਿਖੋ? | |
| 3 | ਹੇਠਾਂ ਦਿੱਤੀ ਤਸਵੀਰ ਦਾ ਵਰਣਨ ਕਰੋ ਤੇ ਢੁਕਵਾਂ ਸਿਰਲੇਖ ਵੀ ਲਿਖੋ | |

| | | |
|---|---|---|
| |  | |
| 4 | ਵਿਆਕਰਨ<br>1. 'ਲੇਖਕ ਦੀ ਸਭ ਤੋਂ ਉੱਤਮ ਰਚਨਾ ' ਵਾਕ ਲਈ ਇੱਕ ਵਾਕ ਚੁਣੋ।<br>ੳ. ਸ਼ਾਹਕਾਰ. ਅ. ਬੰਜਰ. ੲ. ਸਵੈ-ਜੀਵਨੀ. ਸ. ਪਰਉਪਕਾਰੀ<br>. 2. ਪੁੱਤਰ ਜਾਂ ਧੀ ਦਾ ਸੁਹਰਾ ' ਵਾਕ ਲਈ ਇੱਕ ਵਾਕ ਚੁਣੋ।<br>. ੳ. ਜੁਆਰੀਆ ਅ ਕੁੜਮ. ੲ. ਸ਼ਾਹਕਾਰ. ਸ ਕੁਆਰਾ<br>. 3. ਮੇਰੇ ਨੰਬਰ ਘੱਟ ਆਉਣ ਤੇ ਮੇਰੇ ਪਿਤਾ ਜੀ ਨੇ ਮੇਰੇ ਨਾਲ ਰੋਸ ਜਤਾਇਆ, ਰੋਸ ਦਾ<br>. ਸਹੀ ਅਰਥ ਚੁਣੋ।<br>. ੳ. ਨਰਾਜ਼ਗੀ. ਅ. ਮਾੜਾ. ੲ. ਵੀਰ. ਸ. ਪ੍ਰੇਮੀ<br>. 4. ਨਕਲ ਦਾ ਵਿਰੋਧੀ ਸ਼ਬਦ ਚੁਣੋ<br>. ੳ. ਅਸਲ. ਅ. ਬੁਰਾ ੲ. ਸੁੱਖ. ਸ. ਹੋਲਾ<br>. 5. ਅਸਹਿ ਸ਼ਬਦ ਵਿੱਚ ਲੱਗਿਆ ਸਹੀ ਅਗੇਤਰ ਚੁਣੋ.।<br>. ੳ. ਅ. ਅ. ਅਸ. ੲ. ਅਸਿ. ਸ. ਆ<br>. 6. ਆਂਦਰੂ ਸ਼ਬਦ ਵਿੱਚ ਲੱਗਿਆ ਸਹੀ ਪਿਛੇਤਰ ਚੁਣੋ ਲ<br>. ੳ. ਰੂ ਅ. ਦਰੂ. ੲ. ਨਦਰੂ. ਸ. ਨਾਂਦਰੂ<br>. | |
| 5 | ਛੋਟੇ ਪ੍ਰਸ਼ਨ- ਉੱਤਰ<br>ੳ. ਕਿਹੜੇ ਭਗਵਾਨ ਮਨੀਕਰਣ ਸਾਹਿਬ ਵਿੱਚ ਤਪੱਸਿਆ ਲਈ ਰੁਕੇ?<br>ਅ. ਹੀਰਾ ਦੇ ਭਰਾ ਦਾ ਕੀ ਨਾਮ ਸੀ?<br>.ੲ. ਰਾਣੀ ਕਿਸ ਨੂੰ ਰਾਜਾ ਬਣਿਆ ਵੇਖਣਾ ਚਾਹੁੰਦੀ ਸੀ?<br>ਸ. ਸਾਡੇ ਸਰੀਰ ਵਿੱਚ ਪ੍ਰੋਟੀਨ ਕੀ ਕੰਮ ਕਰਦਾ ਹੈ?<br>ਹ. ਸੰਗਰਾਂਦ ਵਾਲੇ ਦਿਨ ਗੁਰਦੁਆਰੇ ਵਿੱਚ ਕੀ ਲਗਾਇਆ ਜਾਂਦਾ ਹੈ?<br>. | |
| 6. | ਵੱਡੇ ਪ੍ਰਸ਼ਨ ਉੱਤਰ<br>ੳ. ਰਾਜੇ ਨੇ ਦੋਹਾਂ ਰਾਜਕੁਮਾਰਾਂ ਨੂੰ ਇੱਕ-ਇੱਕ ਸੇਬ ਦਿੰਦਿਆਂ ਕੀ ਕਿਹਾ?<br>ਅ. ਊਰਜਾ ਕੀ ਹੈ ਅਤੇ ਇਹ ਕਿਸ ਤੋਂ ਪ੍ਰਾਪਤ ਹੁੰਦੀ ਹੈ? | |
| 7. | ਅਭਿਆਸੀ ਕਾਰਜ<br>. 1.ਸ਼ਬਦ ਅਰਥ- ਸੱਦਾ, ਲੁਭਾਵਾਨਣੇ, ਤਬਾਹ,ਸ਼ਰਧਾ<br>2. ਵਾਕ ਬਣਾਓ-ਮੂਰਤੀ, ਪਰਜਾ | |

| | | |
|---|---|---|
| | 3. ਖਾਲੀ ਥਾਵਾਂ ਭਰੋ-A ਸੇਸ਼ਨਾਗ ਨੇ….. ਰਾਹੀਂ ਮਣੀ ਵਾਪਸ ਕਰ ਦਿੱਤੀ।<br><br>4. ਕਿਸ ਨੇ ਕਿਸ ਨੂੰ ਕਹੇ-""ਮਹਾਰਾਜਾ,ਇਸ ਰਾਜ ਲਈ ਅਸਲੀ ਵਾਰਸ ਤੁਹਾਡਾ ਆਪਣਾ ਪੁੱਤਰ ਹੋਵੇਗਾ।"<br>5. ਲਿੰਗ ਬਦਲੋ-ਉਸ ਦਾ ਫੁੱਫੜ ਵਕੀਲ ਹੈ।<br>6. ਵਚਨ ਬਦਲੋ-ਰਾਜੇ ਨੇ ਦਰਬਾਰੀ ਨੂੰ ਹੁਕਮ ਦਿੱਤਾ<br>7. ਵਿਸ਼ਰਾਮ ਚਿੰਨ੍ਹਲਗਾਓ - ਕੀ ਤੁਸੀਂ ਪੱਕੇ ਮਿੱਤਰ ਹੋ? | |